# ਮੈਂ ਗੁਪਤ ਵੋਟ-ਪਰਚੀ ਨਾਲ ਚੋਣ ਕਰਾਉਣ ਲਈ NLRB ਤੱਕ ਕਿਵੇਂ ਪਹੁੰਚ ਕਰਾਂ?

ਚੋਣ-ਅਮਲ ਸ਼ੁਰੂ ਕਰਨ ਲਈ, NLRB ਦੀ ਸਰਕਾਰੀ ਵੈਬਸਾਈਟ ਰਾਹੀਂ ਇਲੈਕਟ੍ਰੌਨਿਕ ਤੌਰ 'ਤੇ ਪਟੀਸ਼ਨ ਵੀ ਦਾਇਰ ਕੀਤੀ ਜਾ ਸਕਦੀ ਹੈ: https://apps.nlrb.gov/chargeandpetition/#/. ਪਟੀਸ਼ਨ ਅਤੇ ਹੋਰ ਦਸਤਾਵੇਜ਼ NLRB ਦੇ ਸਭ ਤੋਂ ਨਜ਼ਦੀਕੀ ਦਫ਼ਤਰ ਵਿੱਚ ਵੀ ਦਾਇਰ ਕੀਤੇ ਜਾ ਸਕਦੇ ਹਨ। ਪਟੀਸ਼ਨ ਵਿੱਚ ਇਹ ਜ਼ਰੂਰ ਦਰਸਾਉਣਾ ਚਾਹੀਦਾ ਹੈ ਕਿ ਇਸ ਵਿੱਚ ਇੱਕ ਢੁਕਵੀਂ ਯੂਨਿਟ ਦੇ ਘੱਟੋ-ਘੱਟ 30% ਮੁਲਾਜ਼ਮਾਂ ਦੀ ਹਿਮਾਇਤ ਮਿਲੀ ਹੋਈ ਹੈ। ਇੱਕ ਢੁਕਵੀਂ ਯੂਨਿਟ ਵਰਕਰਾਂ ਦਾ ਸਮੂਹ ਹੈ, ਜਿਹਨਾਂ ਦੀਆਂ ਦਲੀਲਾਂ ਦੇ ਤੌਰ 'ਤੇ ਉਹਨਾਂ ਨੂੰ ਇੱਕ ਥਾਂ ਇਕੱਠਿਆਂ ਰਖਿਆ ਜਾਂਦਾ ਹੈ ਅਤੇ ਉਹ ਯੂਨੀਅਨ ਦੀ ਨੁਮਾਇੰਦਗੀ ਦੇ ਉਦੇਸ਼ਾਂ ਲਈ ਸਾਂਝੇ ਰੋਜ਼ਗਾਰ ਦੇ ਹਿੱਤ ਸਾਂਝੇ ਕਰਦੇ ਹਨ।

ਪਟੀਸ਼ਨ ਦਾਇਰ ਕਰਨ ਤੋਂ ਬਾਅਦ, NLRB ਢੁਕਵੇਂ ਵੋਟਿੰਗ ਸਮੂਹ ਅਤੇ ਚੋਣਾਂ ਲਈ ਤਾਰੀਖ਼, ਸਮਾਂ, ਥਾਂ ਅਤੇ ਹੋਰ ਵੇਰਵਿਆਂ, ਇਸ ਵਿੱਚ ਵਿਦੇਸ਼ੀ-ਭਾਸ਼ਾ ਦੇ ਨੋਟਿਸ ਅਤੇ ਵੋਟ-ਪਰਚੀਆਂ ਦੀ ਲੋੜ ਪੈਂਦੀ ਹੈ, ਬਾਰੇ ਇੱਕ ਸਮਝੌਤਾ ਕਰਨ ਲਈ ਧਿਰਾਂ ਨਾਲ ਕੰਮ ਕਰੇਗਾ। ਜੇ ਧਿਰਾਂ ਇਹਨਾਂ ਵਿੱਚੋਂ ਕੁਝ ਵੇਰਵਿਆਂ ਬਾਰੇ ਸਹਿਮਤ ਨਹੀਂ ਹੋ ਸਕਦੀਆਂ, ਤਾਂ NLRB ਸੁਣਵਾਈ ਕਰੇਗਾ ਅਤੇ ਇਲਾਕਾਈ ਡਾਇਰੈਕਟਰ NLRB ਦੇ ਨੇਮਾਂ ਅਤੇ ਫ਼ੈਸਲਿਆਂ ਅਨੁਸਾਰ ਸ਼ਰਤਾਂ ਤੈਅ ਕਰੇਗਾ।

# ਕੀ NLRB ਚੋਣਾਂ ਕਰਾਏ ਬਿਨਾ ਯੂਨੀਅਨ ਨੂੰ ਮਾਣਤਾ ਦੇ ਸਕਦਾ ਹੈ?

NLRB ਵਲੋਂ ਕਰਾਈਆਂ ਜਾਂਦੀਆਂ ਚੋਣਾਂ ਤੋਂ ਅਲਾਵਾ, ਜੇ ਯੂਨੀਅਨ ਮਾਣਤਾ ਦਿੱਤੇ ਜਾਣ ਲਈ ਬੇਨਤੀ ਕਰਦੀ ਹੈ ਅਤੇ ਦਸਤਖ਼ਤ ਕੀਤੇ ਗਏ ਸਰਟੀਫ਼ਿਕੇਸ਼ਨ ਕਾਰਡਾਂ ਜਾਂ ਹੋਰ ਸਾਧਨਾਂ ਰਾਹੀਂ ਬਹੁਗਿਣਤੀ ਵਾਲੀ ਹਿਮਾਇਤ ਦਰਸਾਉਣ ਦੀ ਪੇਸ਼ਕਸ਼ ਕਰਦੀ ਹੈ, ਤਾਂ ਨੌਕਰੀਦਾਤਾ ਆਪਣੀ ਮਰਜ਼ੀ ਨਾਲ ਯੂਨੀਅਨ ਨੂੰ ਮਾਣਤਾ ਦੇ ਸਕਦਾ ਹੈ। ਇਹ ਸਮਝੌਤੇ NLRB ਦੇ ਅਮਲ ਤੋਂ ਬਾਹਰ ਕੀਤੇ ਜਾਂਦੇ ਹਨ।

# NLRB ਮੇਰੀ ਮਦਦ ਕਿਵੇਂ ਕਰ ਸਕਦਾ ਹੈ?

NLRB ਨੌਕਰੀ ਸਬੰਧੀ ਤੁਹਾਡੇ ਕਈ ਸੁਆਲਾਂ ਦੇ ਜਵਾਬ ਦੇ ਸਕਦਾ ਹੈ। ਜੇ ਤੁਸੀਂ ਕੋਈ ਦੋਸ਼ ਦਾਇਰ ਕਰਦੇ ਹੋ, ਤਾਂ NLRB ਤੁਹਾਡੇ ਦੋਸ਼ ਦੀ ਪੂਰੀ ਪੜਤਾਲ ਕਰੇਗਾ ਅਤੇ ਤੁਹਾਡੇ ਦੋਸ਼ਾਂ ਦੇ ਗੁਣਾਂ ਜਾਂ ਔਗੁਣਾਂ ਦੇ ਅਧਾਰ 'ਤੇ ਫ਼ੈਸਲਾ ਜਾਰੀ ਕਰੇਗਾ। ਜੇ ਤੁਹਾਡੀ ਨੌਕਰੀ ਸਬੰਧੀ ਮੁੱਦਿਆਂ ਵਿੱਚ ਹੋਰ ਕਾਨੂੰਨ ਸ਼ਾਮਿਲ ਹਨ, ਤਾਂ NLRB ਏਜੰਟ ਤੁਹਾਨੂੰ ਢੁਕਵੀਂ ਏਜੰਸੀ ਜਾਂ ਏਜੰਸੀਆਂ ਕੋਲ ਭੇਜੇਗਾ। ਕੁਝ ਕੇਸਾਂ ਵਿੱਚ, ਦੋਸ਼ਾਂ ਕਰਕੇ ਇੱਕ ਨਾਲੋਂ ਵੱਧ ਕਾਨੂੰਨ ਲਾਗੂ ਹੋ ਸਕਦੇ ਹਨ ਅਤੇ ਕਈ ਸਟੇਟ ਅਤੇ/ਜਾਂ ਫ਼ੈਡਰਲ ਏਜੰਸੀਆਂ ਤੁਹਾਡੀ ਮਦਦ ਕਰ ਸਕਦੀਆਂ ਹਨ।

# ਮੈਂ ਮਦਦ ਲਈ NLRB ਦੇ ਸਭ ਤੋਂ ਨਜ਼ਦੀਕੀ ਦਫ਼ਤਰ ਦਾ ਪਤਾ ਕਿਵੇਂ ਲਾਵਾਂ ਜਾਂ NLRB ਨਾਲ ਕਿਵੇਂ ਸੰਪਰਕ ਕਰਾਂ?

ਦੇਸ਼ ਭਰ ਵਿੱਚ NLRB ਦੇ ਕਈ ਥਾਵਾਂ 'ਤੇ ਫ਼ੀਲਡ ਦਫ਼ਤਰ ਹਨ। ਤੁਸੀਂ ਹੇਠਾਂ ਰਾਹੀਂ ਆਪਣੇ ਸਭ ਤੋਂ ਨਜ਼ਦੀਕੀ ਦਫ਼ਤਰ ਨਾਲ ਸੰਪਰਕ ਕਰ ਸਕਦੇ ਹੋ:

- NLRB ਦੀ ਵੈਬਸਾਈਟ 'ਤੇ ਜਾਓ, ਜਿਸ 'ਤੇ ਹਰ ਇੱਕ ਫ਼ੀਲਡ ਦਫ਼ਤਰ ਦਾ ਪਤਾ ਅਤੇ ਟੈਲੀਫ਼ੋਨ ਨੰਬਰ ਉਪਲਬਧ ਹੈ: **www.nlrb.gov**.
- NLRB ਮੋਬਾਈਲ ਐਪ ਦੀ ਵਰਤੋਂ ਕਰਨਾ, ਜਿਸ ਨੂੰ IOS ਜਾਂ Android ਲਈ ਡਾਉਨਲੋਡ ਕੀਤਾ ਜਾ ਸਕਦਾ ਹੈ। ਐਪ ਡਾਉਨਲੋਡ ਕਰਨ ਲਈ, ਇਹ QR ਕੋਡ ਸਕੈਨ ਕਰੋ, ਇਸ ਵਿੱਚ NLRB ਦੇ ਸਾਰੇ ਫ਼ੀਲਡ ਦਫ਼ਤਰਾਂ ਦੇ ਪਤੇ ਅਤੇ ਫੋਨ ਨੰਬਰ ਦਿੱਤੇ ਗਏ ਹਨ।
- NLRB ਨੂੰ ਟੋਲ-ਫ੍ਰੀ ਨੰਬਰ 'ਤੇ ਕਾੱਲ ਕਰਨਾ: **1-844-762- NLRB (6572).** ਤੁਹਾਡੇ ਸਭ ਤੋਂ ਨਜ਼ਦੀਕੀ ਫ਼ੀਲਡ ਦਫ਼ਤਰ ਨਾਲ ਆਪਣੇ ਆਪ ਸੰਪਰਕ ਕਰਾ ਦਿੱਤਾ ਜਾਏਗਾ। ਉੱਚਾ ਸੁਣਨ ਵਾਲੇ ਜਾਂ ਬੋਲ਼ੇ, ਜੋ NLRB ਦੇ ਨੁਮਾਇੰਦੇ ਨਾਲ ਗੱਲ ਕਰਨਾ ਚਾਹੁੰਦੇ ਹਨ, ਉਹਨਾਂ ਨੂੰ ਇਸ ਪਤੇ 'ਤੇ ਈਮੇਲ ਭੇਜਣੀ ਚਾਹੀਦੀ ਹੈ relay.service@nlrb.gov. ਹਿਮਾਇਤ ਕੀਤੀ ਹੈ, ਇਸ ਦੇ ਅਧਾਰ 'ਤੇ ਤੁਹਾਡੇ ਖ਼ਿਲਾਫ਼ ਕੋਈ ਹੋਰ ਅਣਸੁਖਾਵੀਂ ਕਾਰਵਾਈ ਕਰਨੀ।


1015 Half Street SE
Washington, D.C. 20570
844.762.NLRB • 844.762.6572

www.nlrb.gov
Twitter:@NLRB
www.facebook.com/NLRBpage







ਰਾਸ਼ਟਰੀ ਕਿਰਤ ਸਬੰਧਾਂ ਬਾਰੇ ਬੋਰਡ (NLRA)

# ਮੁਲਾਜ਼ਮ ਦੇ ਹੱਕਾਂ ਦੀ ਰਾਖੀ ਕਰਨਾ


www.nlrb.gov
ਟੋਲ-ਫ੍ਰੀ
844.762.NLRB
844.762.6572

**ਇਹ ਪੈਂਫਲੈਟ ਰਾਸ਼ਟਰੀ ਕਿਰਤ ਸਬੰਧਾਂ ਬਾਰੇ ਕਾਨੂੰਨ ਹੇਠ ਮੁਲਾਜ਼ਮਾਂ ਨੂੰ ਉਹਨਾਂ ਦੇ ਕੰਮ ਵਾਲੀ ਥਾਂ ਵਿੱਚ ਹੱਕਾਂ ਬਾਰੇ ਇੱਕ ਆਮ ਸਪਸ਼ਟੀਕਰਣ ਦੇਣ ਲਈ ਤਿਆਰ ਕੀਤਾ ਗਿਆ ਹੈ**

## ਰਾਸ਼ਟਰੀ ਕਿਰਤ ਸਬੰਧਾਂ ਬਾਰੇ ਬੋਰਡ ਕੀ ਹੈ?

ਰਾਸ਼ਟਰੀ ਕਿਰਤ ਸਬੰਧਾਂ ਬਾਰੇ ਬੋਰਡ (NLRB) ਯੂਨਾਈਟਿਡ ਸਟੇਟਸ ਸਰਕਾਰ ਦੀ ਇੱਕ ਸੁਤੰਤਰ ਫ਼ੈਡਰਲ ਏਜੰਸੀ ਹੈ। NLRB ਦੋ ਕਾਰਜ ਕਰਦਾ ਹੈ: (1) ਇਹ ਯਕੀਨੀ ਬਣਾਉਣ ਲਈ ਕਾਨੂੰਨ ਲਾਗੂ ਕਰਨੇ ਕਿ ਵਰਕਰ ਨੌਕਰੀਦਾਤਿਆਂ ਜਾਂ ਯੂਨੀਅਨਾਂ ਦੀ ਕਿਸੇ ਵੀ ਦਖ਼ਲਅੰਦਾਜ਼ੀ ਤੋਂ ਬਿਨਾ NLRA ਹੇਠ ਆਪਣੇ ਹੱਕਾਂ ਦੀ ਅਜ਼ਾਦੀ ਨਾਲ ਵਰਤੋਂ ਕਰ ਸਕਣ ਅਤੇ (2) ਗੁਪਤ ਵੋਟ-ਪਰਚੀਆਂ ਵਾਲੀਆਂ ਚੋਣਾਂ ਦਾ ਪ੍ਰਬੰਧ ਕਰਨਾ, ਜਿਸ ਦੀ ਵਰਤੋਂ ਕਰਕੇ ਵਰਕਰ ਇਹ ਚੋਣ ਕਰ ਸਕਦੇ ਹਨ ਕਿ ਕੀ ਉਹ ਚਾਹੁੰਦੇ ਹਨ ਕਿ ਯੂਨੀਅਨ ਉਹਨਾਂ ਦੀ ਨੁਮਾਇੰਦਗੀ ਕਰੇ। ਇਹ ਕਾਨੂੰਨ ਯੂਨਾਈਟਿਡ ਸਟੇਟਸ ਵਿੱਚ ਕੰਮ ਵਾਲੀ ਥਾਂ ਵਾਲੇ ਜ਼ਿਆਦਾਤਰ ਗ਼ੈਰ-ਸਰਕਾਰੀ ਨੌਕਰੀਦਾਤਿਆਂ 'ਤੇ ਲਾਗੂ ਹੁੰਦੇ ਹਨ, ਇਸ ਵਿੱਚ ਬਿਨਾ-ਮੁਨਾਫ਼ੇ, ਬਿਨਾ ਯੂਨੀਅਨ ਵਾਲੇ ਕਾਰੋਬਾਰ ਅਤੇ "ਕੰਮ ਸਬੰਧੀ ਹੱਕ" ਵਾਲੇ ਕਾਨੂੰਨ ਵਾਲੀਆਂ ਸਟੇਟਾਂ ਵਿਚਲੇ ਕਾਰੋਬਾਰ ਸ਼ਾਮਿਲ ਹਨ।

## NLRA ਹੇਠ ਮੇਰੇ ਹੱਕ ਕੀ ਹਨ?

ਆਮ ਤੌਰ 'ਤੇ, ਵਰਕਰਾਂ ਨੂੰ ਆਪਣੀਆਂ ਉਜਰਤਾਂ ਅਤੇ ਕੰਮ ਦੀਆਂ ਸਥਿਤੀਆਂ ਨੂੰ ਸੁਧਾਰਣ ਲਈ ਯੂਨੀਅਨ ਦੀ ਭਾਈਵਾਲੀ ਨਾਲ ਜਾਂ ਇਸ ਤੋਂ ਬਿਨਾ ਇਕੱਠੇ ਹੋਣ ਦਾ ਹੱਕ ਹੁੰਦਾ ਹੈ। ਇਸਦਾ ਮਤਲਬ ਹੈ ਕਿ ਤੁਸੀਂ ਕਰ ਸਕਦੇ ਹੋ:

- ਆਪਣੇ ਸਹਿ-ਵਰਕਰਾਂ, ਲੋਕਾਂ, ਮੀਡੀਆ ਜਾਂ ਯੂਨੀਅਨ ਨਾਲ ਆਪਣੀਆਂ ਕੰਮ ਦੀਆਂ ਸਥਿਤੀਆਂ ਬਾਰੇ ਗੱਲ ਕਰਨੀ (ਪਰ ਤੁਹਾਨੂੰ ਅਜਿਹੇ ਬਿਆਨ ਦੇਣ ਤੋਂ ਬਚਣਾ ਚਾਹੀਦਾ ਹੈ, ਜੋ ਜਾਣ-ਬੁੱਝਕੇ ਜਾਂ ਬਦਨੀਅਤ ਕਰਕੇ ਝੂਠੇ ਹਨ ਜਾਂ ਅਜਿਹੇ ਵਿਹਾਰ ਵਿੱਚ ਸ਼ਾਮਿਲ ਨਹੀਂ ਹੋਣਾ ਚਾਹੀਦਾ ਹੈ, ਜੋ ਕੰਮ ਵਾਲੀ ਥਾਂ ਦੇ ਸਿਲਸਿਲੇ ਲਈ ਬਹੁਤ ਹੀ ਬੇਅਦਬੀ ਵਾਲਾ, ਲੱਚਰ ਜਾਂ ਗੜਬੜੀ ਵਾਲਾ ਹੈ)।
- ਆਪਣੇ ਕੰਮ ਦੀਆਂ ਸਥਿਤੀਆਂ ਨੂੰ ਬਿਹਤਰ ਬਣਾਉਣ ਲਈ ਆਪਣੇ ਇੱਕ ਜਾਂ ਵੱਧ ਵਰਕਰਾਂ ਨਾਲ ਕਾਰਵਾਈ ਕਰਨਾ, ਉਦਾਹਰਣ ਲਈ ਆਪਣੇ ਨੌਕਰੀਦਾਤਾ ਜਾਂ ਸਰਕਾਰੀ ਏਜੰਸੀ ਨਾਲ ਜਾਂ ਕਿਸੇ ਯੂਨੀਅਨ ਨੂੰ ਮਦਦ ਕਰਨ ਲਈ ਕਹਿਕੇ ਸਿੱਧਿਆਂ ਕੰਮ ਸਬੰਧੀ ਸ਼ਿਕਾਇਤਾਂ ਪੇਸ਼ ਕਰਨੀਆਂ।
- ਯੂਨੀਅਨ ਵਿੱਚ ਸ਼ਾਮਿਲ ਹੋਣਾ ਜਾਂ ਕੰਮ ਵਾਲੀ ਆਪਣੀ ਥਾਂ ਵਿੱਚ ਮੁਲਾਜ਼ਮਾਂ ਦਾ ਨੁਮਾਇੰਦਾ ਬਣਨ ਲਈ ਯੂਨੀਅਨ ਦੀ ਮਦਦ ਕਰਨ ਲਈ ਕੰਮ ਤੋਂ ਬਾਅਦ ਦੇ ਸਮੇਂ ਬਾਰੇ ਕਾਰਵਾਈਆਂ ਕਰਨਾ ਅਤੇ ਆਪਣੀਆਂ ਉਜਰਤਾਂ ਅਤੇ ਕੰਮ ਦੀਆਂ ਹੋਰ ਸ਼ਰਤਾਂ ਤੈਅ ਕਰਨ ਲਈ ਇਕਰਾਰਨਾਮੇ ਵਾਸਤੇ ਯੂਨੀਅਨ ਦੀ ਸੌਦੇਬਾਜ਼ੀ ਵਿੱਚ ਮਦਦ ਕਰਨੀ।
- ਇਹਨਾਂ ਵਿੱਚੋਂ ਕੋਈ ਵੀ ਕੰਮ ਨਾ ਕਰਨ ਦੀ ਚੋਣ ਕਰੋ।

## ਨੌਕਰੀਦਾਤਾ ਕੀ ਨਹੀਂ ਕਰ ਸਕਦੇ, ਬਾਰੇ ਉਹਨਾਂ ਦੀਆਂ ਕੁਝ ਉਦਾਹਰਣਾਂ ਕਿਹੜੀਆਂ ਹਨ?

- ਤੁਹਾਨੂੰ ਬਰਖਾਸਤ ਕਰਨਾ ਜਾਂ ਅਹੁਦਾ ਘਟਾਉਣਾ, ਤੁਹਾਡੇ ਕੰਮਕਾਜ ਦੀਆਂ ਸਥਿਤੀਆਂ ਨੂੰ ਹੋਰ ਬਦਤਰ ਬਣਾਉਣਾ ਜਾਂ ਇਹਨਾਂ ਵਿੱਚੋਂ ਕੋਈ ਵੀ ਕੰਮ ਕਰਨ ਲਈ ਧਮਕਾਉਣਾ, ਕਿਉਂਕਿ ਤੁਸੀਂ NLRA ਹੇਠ ਆਪਣੇ ਕਿਸੇ ਹੱਕ ਦੀ ਵਰਤੋਂ ਕਰਦੇ ਹੋ, ਇਸ ਵਿੱਚ NLRB ਵਿੱਚ ਸ਼ਿਕਾਇਤ ਲਿਆਉਣੀ ਜਾਂ ਸ਼ਿਕਾਇਤ ਬਾਰੇ NLRB ਏਜੰਟ ਨਾਲ ਗੱਲ ਕਰਨਾ ਸ਼ਾਮਿਲ ਹੈ।
- ਤੁਹਾਨੂੰ ਆਪਣੀਆਂ ਉਜਰਤਾਂ, ਕੰਮ ਕਰਨ ਦੀਆਂ ਸਥਿਤੀਆਂ ਜਾਂ ਕੰਮ ਦੇ ਸਮੇਂ ਤੋਂ ਬਾਅਦ ਤੋਂ ਸਮੇਂ ਦੌਰਾਨ ਇਕੱਠੇ ਹੋਣ, ਜਿਵੇਂ ਕੰਮ ਤੋਂ ਪਹਿਲਾਂ ਜਾਂ ਬਾਅਦ ਵਿੱਚ ਜਾਂ ਬ੍ਰੇਕ ਦੇ ਸਮੇਂ ਦੌਰਾਨ, ਇਹਨਾਂ ਬਾਰੇ ਹੋਰਨਾਂ ਨਾਲ ਗੱਲਬਾਤ ਕਰਨ ਤੋਂ ਮਨ੍ਹਾ ਕਰਨਾ।
- ਤੁਹਾਨੂੰ ਕੰਮ ਦੇ ਸਮੇਂ ਤੋਂ ਬਾਅਦ ਦੇ ਸਮੇਂ ਦੌਰਾਨ ਅਤੇ ਕੰਮ ਤੋਂ ਅਲਾਵਾ ਥਾਵਾਂ, ਜਿਵੇਂ ਪਾਰਕਿੰਗ ਅਤੇ ਬ੍ਰੇਕ ਰੂਮਾਂ ਵਿੱਚ ਯੂਨੀਅਨ ਦੀ ਸਮੱਗ੍ਰੀ ਦੇਣ ਤੋਂ ਮਨ੍ਹਾ ਕਰਨਾ।
- ਜੇ ਵਰਕਰ ਆਪਣੀ ਨੁਮਾਇੰਦਗੀ ਲਈ ਕੋਈ ਯੂਨੀਅਨ ਚੁਣਦੇ ਹਨ, ਤਾਂ ਤੁਹਾਡੀ ਕੰਮ ਵਾਲੀ ਥਾਂ ਬੰਦ ਕਰਨ ਦੀ ਧਮਕੀ ਦੇਣੀ।
- ਯੂਨੀਅਨ ਦੀ ਹਿਮਾਇਤ ਕਰਨ ਨੂੰ ਢਾਹ ਲਾਉਣ ਲਈ ਤਰੱਕੀਆਂ ਕਰਨ, ਤਨਖਾਹ ਜਾਂ ਹੋਰ ਲਾਭ ਵਧਾਉਣ ਦਾ ਵਾਅਦਾ ਕਰਨਾ ਜਾਂ ਦੇਣਾ।
- ਖ਼ਾਸ ਸਥਿਤੀਆਂ ਨੂੰ ਛੱਡਕੇ ਤੁਹਾਨੂੰ ਕੰਮ ਵਾਲੀ ਥਾਂ 'ਤੇ ਯੂਨੀਅਨ ਦੇ ਹੈਟ, ਬਟਨ, ਟੀ-ਸ਼ਰਟ ਪਾਉਣ ਅਤੇ ਪਿੰਨ ਲਾਉਣ ਤੋਂ ਰੋਕਦਾ ਹੈ।
- ਤੁਹਾਨੂੰ ਆਪਣੀ ਯੂਨੀਅਨ ਦੀ ਮਦਦ ਕਰਨ ਜਾਂ ਸਰਗਰਮੀਆਂ ਬਾਰੇ ਇਸ ਢੰਗ ਨਾਲ ਸੁਆਲ ਕਰਨੇ, ਜਿਸ ਨਾਲ ਤੁਸੀਂ ਅਜਿਹੇ ਕੰਮ ਕਰਨ ਤੋਂ ਪਿਛਾਂਹ ਹਟ ਜਾਂਦੇ ਹੋ ਜਾਂ ਤੁਹਾਡੀ ਯੂਨੀਅਨ ਦੀਆਂ ਅਮਨ-ਅਮਾਨ ਨਾਲ ਹੋਣ ਵਾਲੀਆਂ ਸਰਗਰਮੀਆਂ ਅਤੇ ਇਕੱਠੇ ਹੋਣ ਦੀ ਜਾਸੂਸੀ ਕਰਨੀ ਜਾਂ ਰਿਕਾੱਰਡਿੰਗ ਕਰਨੀ।

## ਯੂਨੀਅਨਾਂ ਕੀ ਨਹੀਂ ਕਰ ਸਕਦੀਆਂ, ਬਾਰੇ ਉਹਨਾਂ ਦੀਆਂ ਕੁਝ ਉਦਾਹਰਣਾਂ ਕਿਹੜੀਆਂ ਹਨ?

- ਤੁਹਾਨੂੰ ਧਮਕਾਉਣਾ ਕਿ ਜੇ ਤੁਸੀਂ ਯੂਨੀਅਨ ਦੀ ਹਿਮਾਇਤ ਨਹੀਂ ਕਰਦੇ, ਤਾਂ ਤੁਸੀਂ ਆਪਣੀ ਨੌਕਰੀ ਜਾਂ ਕੋਈ ਹੋਰ ਲਾਭ ਖੁੰਝਾ ਲਓਗੇ।
- ਯੂਨੀਅਨ ਨਾਲ ਕੰਮ ਵਾਲੀ ਥਾਂ 'ਤੇ, ਕਿਸੇ ਸ਼ਿਕਾਇਤ ਬਾਰੇ ਕਾਰਵਾਈ ਕਰਨ ਤੋਂ ਮਨ੍ਹਾ ਕਰਨਾ, ਕਿਉਂਕਿ ਤੁਸੀਂ ਯੂਨੀਅਨ ਦੇ ਅਹੁਦੇਦਾਰਾਂ ਦੀ ਨੁਕਤਾਚੀਨੀ ਕੀਤੀ ਹੈ ਜਾਂ ਕਿਉਂਕਿ ਤੁਸੀਂ ਯੂਨੀਅਨ ਦੇ ਮੈਂਬਰ ਨਹੀਂ ਹੋ।
- ਕਿਸੇ ਪੱਖਪਾਤੀ ਕਾਰਣ ਨੂੰ ਧਿਆਨ ਵਿੱਚ ਰਖਦਿਆਂ, ਤੁਹਾਨੂੰ ਹਾਈਰਿੰਗ ਹਾੱਲ ਤੋਂ ਰੈਫ਼ਰ ਕਰਨ ਤੋਂ ਮਨ੍ਹਾ ਕਰਨਾ।
- ਕਿਸੇ ਨੌਕਰੀਦਾਤਾ ਨੂੰ ਤੁਹਾਡੇ ਖ਼ਿਲਾਫ਼ ਵਿਤਕਰਾ ਕਰਨ ਲਈ ਪ੍ਰੇਰਣਾ, ਕਿਉਂਕਿ ਤੁਸੀਂ ਯੂਨੀਅਨ ਦੇ ਅਹੁਦੇਦਾਰਾਂ ਦੀ ਨੁਕਤਾਚੀਨੀ ਕੀਤੀ ਹੈ ਜਾਂ ਕਿਉਂਕਿ ਤੁਸੀਂ ਯੂਨੀਅਨ ਦੇ ਮੈਂਬਰ ਨਹੀਂ ਹੋ।

## ਜੇ ਮੈਨੂੰ ਲੱਗਦਾ ਹੈ ਕਿ ਮੇਰੇ ਹੱਕਾਂ ਦੀ ਉਲੰਘਣਾ ਹੋਈ ਹੈ, ਤਾਂ ਮੈਂ ਕੀ ਕਰ ਸਕਦਾ ਹਾਂ?

ਜੇ ਤੁਹਾਨੂੰ ਲੱਗਦਾ ਹੈ ਕਿ ਕਿਸੇ ਨੌਕਰੀਦਾਤਾ ਜਾਂ ਯੂਨੀਅਨ ਨੇ ਤੁਹਾਡੇ ਹੱਕਾਂ ਦੀ ਉਲੰਘਣਾ ਕੀਤੀ ਹੈ, ਤਾਂ ਤੁਹਾਨੂੰ NLRB ਨਾਲ ਫ਼ੌਰਨ ਸੰਪਰਕ ਕਰਨਾ ਚਾਹੀਦਾ ਹੈ। ਤੁਸੀਂ NLRB ਏਜੰਟ ਨਾਲ ਗੱਲ ਕਰ ਸਕੋਗੇ ਅਤੇ ਆਪਣੇ ਨੌਕਰੀਦਾਤਾ, ਯੂਨੀਅਨ ਜਾਂ ਕਿਸੇ ਹੋਰ ਨੂੰ ਆਪਣੀ ਪੁੱਛਗਿੱਛ ਬਾਰੇ ਦੱਸੇ ਬਿਨਾ ਸੰਭਵ ਉਲੰਘਣਾ ਬਾਰੇ ਪੁੱਛੋ। ਜੇ ਤੁਸੀਂ ਚੋਣ ਕਰਦੇ ਹੋ, ਤਾਂ ਤੁਸੀਂ ਇੱਕ ਅਣਉਚਿਤ ਕਿਰਤ ਵਿਹਾਰ ਬਾਰੇ ਦੋਸ਼ ਦਾਇਰ ਕਰ ਸਕਦੇ ਹੋ, ਜਿਸ ਵਿੱਚ ਦੱਸਿਆ ਗਿਆ ਹੋਵੇ ਕਿ ਨੌਕਰੀਦਾਤਾ ਜਾਂ ਯੂਨੀਅਨ ਨੇ NLRA ਹੇਠ ਤੁਹਾਡੇ ਹੱਕਾਂ ਜਾਂ ਹੋਰ ਵਰਕਰਾਂ ਦੇ ਹੱਕਾਂ ਦੀ ਉਲੰਘਣਾ ਕੀਤੀ ਹੈ। ਇਸ ਦੋਸ਼ ਦੀ ਇੱਕ ਕਾਪੀ, ਇਸ ਇਲਜ਼ਾਮ ਹੇਠ ਆਉਣ ਵਾਲੇ ਨੌਕਰੀਦਾਤਾ ਜਾਂ ਯੂਨੀਅਨ ਨੂੰ ਦਿੱਤੀ ਜਾਏਗੀ। ਦੋਸ਼ ਦਾਇਰ ਕੀਤੇ ਬਿਨਾ, ਅਸੀਂ ਦੋਸ਼ਾਂ ਦੀ ਜਾਂਚ ਨਹੀਂ ਕਰ ਸਕਦੇ।

ਤੁਸੀਂ ਫ਼ੀਲਡ ਦਫ਼ਤਰ ਵਿੱਚ ਜਾਕੇ, ਡਾਕ ਰਾਹੀਂ, ਟੈਲੀਫੋਨ ਰਾਹੀਂ ਜਾਂ NLRB ਦੀ ਸਰਕਾਰੀ ਵੈਬਸਾਈਟ 'ਤੇ ਇਲੈਕਟ੍ਰਾੱਨਿਕ ਤੌਰ 'ਤੇ ਦੋਸ਼ ਦਾਇਰ ਕਰ ਸਕਦੇ ਹੋ: https://apps.nlrb.gov/chargeandpetition/#/. ਜੇ ਤੁਹਾਨੂੰ ਮਦਦ ਚਾਹੀਦੀ ਹੈ, ਤਾਂ ਦੋਸ਼ ਵਾਲਾ ਫ਼ਾਰਮ ਭਰਨ ਵਿੱਚ ਬੋਰਡ ਏਜੰਟ ਤੁਹਾਡੀ ਮਦਦ ਕਰੇਗਾ। ਇੱਕ ਅਣਉਚਿਤ ਕਿਰਤ ਵਿਹਾਰ ਬਾਰੇ ਦੋਸ਼ ਦਾਇਰ ਕਰਨ ਲਈ, ਤੁਹਾਨੂੰ ਕੋਈ ਖ਼ਰਚਾ ਨਹੀਂ ਕਰਨਾ ਪੈਣਾ, ਨਾ ਹੀ ਤੁਹਾਨੂੰ ਕਿਸੇ ਵਕੀਲ ਦੀ ਲੋੜ ਪੈਣੀ ਹੈ।

## NLRB ਨਾਲ ਮੈਨੂੰ ਕਦੋਂ ਸੰਪਰਕ ਕਰਨਾ ਚਾਹੀਦਾ ਹੈ?

ਜੇ ਤੁਹਾਨੂੰ ਲੱਗਦਾ ਹੈ ਕਿ ਕਿਸੇ ਨੌਕਰੀਦਾਤਾ ਜਾਂ ਯੂਨੀਅਨ ਨੇ NLRA ਦੀ ਉਲੰਘਣਾ ਕੀਤੀ ਹੈ ਅਤੇ ਤੁਸੀਂ ਇੱਕ ਅਣਉਚਿਤ ਕਿਰਤ ਵਿਹਾਰ ਬਾਰੇ ਦੋਸ਼ ਦਾਇਰ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਆਮ ਤੌਰ' ਤੇ ਉਲੰਘਣਾ ਦੇ ਛੇ ਮਹੀਨਿਆਂ ਦੇ ਅੰਦਰ NLRB ਕੋਲ ਦੋਸ਼ ਜ਼ਰੂਰ ਦਾਇਰ ਕਰਨਾ ਚਾਹੀਦਾ ਹੈ। NLRA ਵਿੱਚ ਛੇ-ਮਹੀਨੇ ਦੀ ਮਿਆਦ ਵਾਲਾ ਕਾਨੂੰਨ ਸ਼ਾਮਿਲ ਹੈ, ਇਸਦਾ ਮਤਲਬ ਹੈ ਕਿ ਛੇ ਮਹੀਨੇ ਦੀ ਮਿਆਦ ਪੂਰੀ ਹੋਣ ਤੋਂ ਬਾਅਦ ਦਾਇਰ ਕੀਤੇ ਗਏ ਦੋਸ਼ ਬਦਲੇ ਨੌਕਰੀਦਾਤਾ ਜਾਂ ਯੂਨੀਅਨ ਨੂੰ ਉਸ ਵਿਹਾਰ ਲਈ ਜ਼ਿੰਮੇਵਾਰ ਨਹੀਂ ਮੰਨਿਆ ਜਾ ਸਕਦਾ।

## ਅਣਉਚਿਤ ਕਿਰਤ ਵਿਹਾਰ ਬਾਰੇ ਦੋਸ਼ ਦਾਇਰ ਕਰਨ ਤੋਂ ਬਾਅਦ ਕੀ ਹੁੰਦਾ ਹੈ?

ਫ਼ੀਲਡ ਦਫਤਰਾਂ ਵਿੱਚੋਂ ਇੱਕ ਵਿਚਲੇ ਬੋਰਡ ਏਜੰਟ ਨੂੰ ਦੋਸ਼ ਦੀ ਪੜਤਾਲ ਕਰਨ ਦਾ ਕੰਮ ਸੌਂਪਿਆ ਜਾਏਗਾ। ਬੋਰਡ ਏਜੰਟ ਆਮ ਤੌਰ 'ਤੇ ਦੋਸ਼ ਦਾਇਰ ਕਰਨ ਵਾਲੇ ਕਿਸੇ ਵਿਅਕਤੀ ਅਤੇ ਹੋਰਨਾਂ ਗੁਆਹਾਂ ਨੂੰ ਸਹੁੰ ਚੁਕਾਉਣ ਦਾ ਗੁਪਤ ਬਿਆਨ ਦਰਜ ਕਰੇਗਾ ਅਤੇ ਅਨੁਸ਼ਾਸਨੀ ਕਾਰਵਾਈਆਂ, ਨੌਕਰੀ ਖ਼ਤਮ ਕਰਨ ਬਾਰੇ ਚਿੱਠੀਆਂ, ਨੌਕਰੀਦਾਤਾ ਦੀਆਂ ਪਾੱਲਿਸੀਆਂ, ਆਦਿ ਵਰਗੇ ਇਸ ਨਾਲ ਜੁੜੇ ਹੋਰ ਦਸਤਾਵੇਜ਼ ਇਕੱਠੇ ਕਰੇਗਾ। ਇਸ ਤੋਂ ਬਾਅਦ ਨੌਕਰੀਦਾਤਾ ਜਾਂ ਯੂਨੀਅਨ ਨੂੰ ਆਪਣੇ ਹੱਕ ਵਿੱਚ ਗੁਪਤ ਹਲਫ਼ਨਾਮੇ ਅਤੇ ਦਸਤਾਵੇਜ਼ਾਂ ਲਈ ਗੁਆਹ ਉਪਲਬਧ ਕਰਾਉਣ ਲਈ ਕਿਹਾ ਜਾਏਗਾ। ਇਹ ਸਬੂਤ ਵਿਚਾਰਣ ਤੋਂ ਬਾਅਦ, ਜੇ NLRB ਦੇ ਇਲਾਕਾਈ ਡਾਇਰੈਕਟਰ ਨੂੰ ਪਤਾ ਚੱਲਦਾ ਹੈ ਕਿ ਨੌਕਰੀਦਾਤਾ ਜਾਂ ਯੂਨੀਅਨ ਨੇ NLRA ਦੀ ਉਲੰਘਣਾ ਕੀਤੀ ਹੈ, ਤਾਂ ਉਹ ਰਸਮੀ ਸ਼ਿਕਾਇਤ ਜਾਰੀ ਕਰਨ ਅਤੇ ਮੁਕੱਦਮੇ ਬਾਰੇ ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾਂ ਕੇਸ ਸੁਲਝਾਉਣ ਦੀ ਕੋਸ਼ਿਸ਼ ਕਰੇਗਾ। ਸੈਟਲਮੈਂਟ ਵਿੱਚ ਨੌਕਰੀਓਂ ਕੱਢੇ ਗਏ ਵਰਕਰ ਦੀ ਨੌਕਰੀ ਬਹਾਲ ਕਰਨੀ, ਖੁੰਝੀ ਹੋਈ ਤਨਖ਼ਾਹ ਦਾ ਭੁਗਤਾਨ ਕਰਨਾ, ਹੋਰ ਗ਼ਲਤ ਕਾਰਵਾਈਆਂ ਨੂੰ ਪਰਤਾਉਣਾ ਅਤੇ/ਜਾਂ ਮੁਲਾਜ਼ਮਾਂ ਦੇ ਹੱਕਾਂ ਦੀ ਕੰਮ ਵਾਲੀ ਥਾਂ ਵਿੱਚ ਉਹਨਾਂ ਨੂੰ ਸਲਾਹ ਦੇਣ ਵਾਸਤੇ ਇੱਕ ਨੋਟਿਸ ਲਾਉਣਾ ਸ਼ਾਮਿਲ ਹੋ ਸਕਦਾ ਹੈ।

ਜੇ ਮੁਕੱਦਮਾ ਜ਼ਰੂਰੀ ਹੈ, ਤਾਂ NLRB ਦਾ ਇੱਕ ਅਟਾੱਰਨੀ ਕੇਸ ਨੂੰ ਇੱਕ ਪ੍ਰਬੰਧਕੀ ਕਾਨੂੰਨ ਬਾਰੇ ਜੱਜ ਸਾਹਮਣੇ ਪੇਸ਼ ਕਰੇਗਾ ਅਤੇ ਮੁਕੱਦਮੇ ਵਿੱਚ ਮੁਲਾਜ਼ਮਾਂ ਅਤੇ ਹੋਰਨਾਂ ਨੂੰ ਗੁਆਹੀ ਦੇਣੀ ਪੈ ਸਕਦੀ ਹੈ। NLRB ਇਹਨਾਂ ਸੇਵਾਵਾਂ ਲਈ ਕੋਈ ਲਾਗਤ ਨਹੀਂ ਲੈਂਦਾ। ਹਾਲਾਂਕਿ, ਜੇ ਤੁਸੀਂ ਆਪਣਾ ਖ਼ੁਦ ਦਾ ਵਕੀਲ ਰੱਖਣਾ ਚਾਹੁੰਦੇ ਹੋ, ਤਾਂ ਤੁਸੀਂ ਇੰਜ ਕਰ ਸਕਦੇ ਹੋ।